**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ ਐਸ.ਸੀ.ਓ. 104-106, ਸੈਕਟਰ 34 ਏ, ਚੰਡੀਗੜ੍ਹ**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ)
ਪੰਜਾਬ

ਮੀਮੋ ਨੰ. ਏ.ਐਸ.ਪੀ.ਡੀ/ਪ੍ਰੋਕਿ/ਐਸ.ਐਸ.ਏ/2009/56499-56518
ਮਿਤੀ ਚੰਡੀਗੜ੍ਹ 04-08-09

**ਵਿਸ਼ਾ: ਮੋਬਾਇਲ ਫੋਨ ਦੀ ਵਰਤੋਂ ਸਬੰਧੀ।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਦਫ਼ਤਰ ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਚੰਡੀਗੜ੍ਹ ਵੱਲੋਂ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ, ਬੀ.ਪੀ.ਈ.ਓ. ਅਤੇ ਪੜ੍ਹੋ ਪੰਜਾਬ ਕੋਆਰਡੀਨੇਟਰ ਨੂੰ ਮੁਨੀਟਰਿੰਗ ਸਬੰਧੀ ਤੇ ਆਪਸੀ ਤਾਲਮੇਲ ਰੱਖਣ ਸਬੰਧੀ ਇਸ ਦਫ਼ਤਰ ਵੱਲੋਂ ਮੋਬਾਇਲ ਕੁਨੈਕਸ਼ਨ ਦਿੱਤੇ ਗਏ ਹਨ। ਇਸ ਦਾ ਮੰਤਵ ਸਮੇਂ ਸਿਰ ਸੂਚਨਾ ਲੈਣਾ ਅਤੇ ਦੇਣਾ ਹੈ। ਪਰ ਦਫ਼ਤਰ ਦੇ ਧਿਆਨ ਵਿੱਚ ਆਇਆ ਹੈ ਕਿ ਅਧਿਕਾਰੀਆਂ/ਕਰਮਚਾਰੀਆਂ ਨੂੰ ਦਿੱਤੇ ਗਏ ਮੋਬਾਇਲ ਫ਼ੋਨਾਂ ਦੀ ਵਰਤੋਂ ਸਹੀ ਤਰੀਕੇ ਨਾਲ ਨਹੀਂ ਹੋ ਰਹੀ ਜਿਵੇਂ ਫੋਨ ਟੋਨ ਬਦਲਣਾ, ਮੋਬਾਇਲ ਕੁਨੈਕਸ਼ਨ ਦਾ ਜ਼ਿਲ੍ਹਾ ਸਿੱਖਿਆ ਅਫ਼ਸਰ/ਬੀ.ਪੀ.ਈ.ਓ ਕੋਲ ਨਾ ਹੋਣਾ ਜਾਂ ਫਿਰ ਮੋਬਾਇਲ ਫੋਨ ਨੂੰ ਬੰਦ ਕਰਕੇ ਰੱਖਣਾ ਆਦਿ ਨਾਲ ਸੂਚਨਾ ਦੇਣ ਅਤੇ ਲੈਣ ਵਿੱਚ ਇਸ ਦਫ਼ਤਰ ਨੂੰ ਵੱਡੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ।

3.0 ਇਸ ਤੋਂ ਇਲਾਵਾ ਹਰ ਮਹੀਨੇ ਮੋਬਾਇਲ ਕੁਨੈਕਸ਼ਨ ਦੇ ਬਿਲ ਬਹੁਤ ਜ਼ਿਆਦਾ ਆ ਰਹੇ ਹਨ। ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਅਤੇ ਸਮੂਹ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ ਨੂੰ ਉਪਲਬਧ ਕਰਵਾਏ ਗਏ ਮੋਬਾਇਲ ਫੋਨ ਦੇ ਖਰਚੇ ਦੀ ਸੀਮਾ ਪੰਜ ਸੋ ਰੁਪਏ ਅਤੇ ਸਮੂਹ ਬੀ.ਪੀ.ਈ.ਓ.ਦੇ ਕੁਨੈਕਸ਼ਨ ਦੀ ਇਹ ਸੀਮਾ ਤਿੰਨ ਸੋ ਰੁਪਏ ਪ੍ਰਤੀ ਮਹੀਨਾ ਨਿਰਧਾਰਤ ਕੀਤੀ ਗਈ ਹੈ।

4.0 ਕਿਸੇ ਵੀ ਅਧਿਕਾਰੀ/ਕਰਮਚਾਰੀ ਦਾ ਮਹੀਨੇ ਦਾ ਬਿਲ ਉਪਰੋਕਤ ਦਰਸਾਈ ਰਕਮ ਤੋਂ ਵਧਣਾ ਨਹੀਂ ਚਾਹੀਦਾ। ਇਸ ਤੋਂ ਇਲਾਵਾ ਮੋਬਾਇਲ ਨੂੰ ਕਿਸੇ ਨਿੱਜੀ ਕੰਮ ਲਈ ਵਰਤਣ ਤੇ ਵੀ ਇਸ ਦੀ ਸਾਰੀ ਜ਼ਿੰਮੇਵਾਰੀ ਸਬੰਧਤ ਅਧਿਕਾਰੀ/ਕਰਮਚਾਰੀ ਦੀ ਹੋਵੇਗੀ।

5.0 ਹੁਕਮਾਂ ਦੀ ਇੰਨ ਬਿੰਨ ਪਾਲਣਾ ਕਰਨ ਨੂੰ ਯਕੀਨੀ ਬਣਾਇਆ ਜਾਵੇ ਜੀ।

**ਸਹਾਇਕ ਸਟੇਟ ਪ੍ਰੋਜੈਕਟ ਡਾਇਰੈਕਟਰ(ਪ੍ਰੋਕਿ)**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ ਚੰਡੀਗੜ੍ਹ**

ਪਿੱਠਅੰਕਣ ਨੰ. ਉਕਤ/56524-543 ਮਿਤੀ 04-08-09

ਉਤਾਰਾ(1) ਸਮੂਹ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ।
(2) ਸਮੂਹ ਬੀ.ਪੀ.ਈ.ਓ ਪੰਜਾਬ

**ਸਹਾਇਕ ਸਟੇਟ ਪ੍ਰੋਜੈਕਟ ਡਾਇਰੈਕਟਰ(ਪ੍ਰੋਕਿ)**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ ਚੰਡੀਗੜ੍ਹ**